ਮਿੱਠੇ ਬੱਚੇ:- "ਮਿੱਠੇ ਬੱਚੇ- ਆਪਣੇ ਨੂੰ ਆਤਮਾ ਸਮਝ, ਆਤਮਾ ਭਰਾ ਨਾਲ ਗੱਲ ਕਰੋ, ਇਸ ਤਰ੍ਹਾਂ ਦੀ ਨਜ਼ਰ ਪੱਕੀ ਕਰੋ ਤਾਂ ਭੂਤ ਪ੍ਰਵੇਸ਼(ਦਾਖਲ) ਨਹੀਂ ਹੋਣਗੇ। ਜਦੋਂ ਕੋਈ ਭੂਤ ਵੇਖੋ ਤਾਂ ਉਸ ਤੋਂ ਕਿਨਾਰਾ ਕਰ ਲਓ।"

ਪ੍ਰਸ਼ਨ:- ਪ੍ਰਸ਼ਨ:- ਬਾਪ ਦਾ ਬਣਨ ਤੋਂ ਬਾਅਦ ਵੀ ਆਸਤਿਕ ਅਤੇ ਨਾਸਤਿਕ ਬੱਚੇ ਹਨ, ਉਹ ਕਿਵੇਂ?

ਉੱਤਰ:- ਆਸਤਿਕ ਉਹ ਹਨ ਜੋ ਇਸ਼ਵਰੀਏ ਕਾਨੂੰਨ ਦੀ ਪਾਲਣਾ ਕਰਦੇ, ਦੇਹੀ - ਅਭਿਮਾਨੀ ਰਹਿਣ ਦਾ ਪੁਰਸ਼ਾਰਥ ਕਰਦੇ ਅਤੇ ਨਾਸਤਿਕ ਉਹ ਹਨ ਜੋ ਈਸ੍ਵਰਯਾ ਕਾਨੂੰਨ ਦੇ ਖਿਲਾਫ ਭੂਤਾਂ ਦੇ ਵਸ ਵਿਚ ਹੋਕੇ ਆਪਸ ਵਿੱਚ ਲੜਦੇ-ਝਗੜੇ ਹਨ। 2. ਆਸਤਿਕ ਬੱਚੇ ਦੇਹ ਸਹਿਤ ਦੇਹ ਦੇ ਸਾਰੇ ਸੰਬੰਧਾਂ ਨਾਲ ਬੁੱਧੀ ਯੋਗ ਤੋੜ ਆਪਣੇ ਨੂੰ ਭਰਾ-ਭਰਾ ਸਮਝਦੇ ਹਨ। ਨਾਸਤਿਕ ਦੇਹ - ਅਭਿਮਾਨ ਵਿਚ ਰਹਿੰਦੇ ਹਨ।

ਓਮ ਸ਼ਾਂਤੀ। ਪਹਿਲਾਂ-ਪਹਿਲਾਂ ਬਾਪ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਹੇ ਬੱਚੇ, ਬੁੱਧੀ ਵਿਚ ਸਦਾ ਇਹ ਯਾਦ ਰੱਖੋ ਕਿ ਸ਼ਿਵਬਾਬਾ ਸਾਡਾ ਸੁਪ੍ਰੀਮ ਬਾਪ ਵੀ ਹੈ, ਸੁਪ੍ਰੀਮ ਟੀਚਰ ਵੀ ਹੈ, ਸੁਪ੍ਰੀਮ ਸਤਿਗੁਰੂ ਵੀ ਹੈ। ਇਹ ਪਹਿਲਾਂ-2 ਬੁੱਧੀ ਵਿਚ ਜ਼ਰੂਰ ਆਉਣਾ ਚਾਹੀਦਾ ਹੈ। ਹਰ ਇਕ ਆਪਣੇ ਨੂੰ ਜਾਣ ਸਕਦੇ ਹਨ ਕਿ ਸਾਡੀ ਬੁੱਧੀ ਵਿਚ ਆਇਆ ਕਿ ਨਹੀਂ। ਜੇਕਰ ਬੁੱਧੀ ਵਿਚ ਯਾਦ ਆਉਂਦਾ ਤਾਂ ਆਸਤਿਕ ਹਨ, ਨਹੀਂ ਆਉਂਦਾ ਤਾ ਨਾਸਤਿਕ ਹਨ। ਸਟੂਡੈਂਟ ਦੀ ਬੁੱਧੀ ਵਿਚ ਝੱਟ ਆਉਣਾ ਚਾਹੀਦਾ ਹੈ, ਕਿ ਟੀਚਰ ਆਇਆ ਹੈ। ਘਰ ਵਿਚ ਰਹਿੰਦੇ ਹਨ ਤਾਂ ਉਹ ਭੁੱਲ ਜਾਂਦਾ ਹੈ। ਉਸ ਰੂਹਾਬ ਨਾਲ ਬਹੁਤ ਕੋਈ ਮੁਸ਼ਕਿਲ ਸਮਝਦੇ ਹਨ, ਕਿ ਸਾਡਾ ਸੁਪ੍ਰੀਮ ਬਾਬਾ ਆਇਆ ਹੋਇਆ ਹੈ। ਉਹ ਟੀਚਰ ਵੀ ਹੈ ਅਤੇ ਵਾਪਿਸ ਲੈ ਜਾਣ ਵਾਲਾ ਸਤਿਗੁਰੂ ਵੀ ਹੈ। ਯਾਦ ਆਉਣ ਨਾਲ ਖੁਸ਼ੀ ਦਾ ਪਾਰਾ ਚੜ੍ਹੇਗਾ, ਨਹੀਂ ਤਾਂ ਆਪਣੇ ਹੀ ਦੁੱਖ ਦਰਦ, ਦੁਨੀਆ ਦੀਆ ਛੀ - ਛੀ ਗੱਲਾਂ ਵਿਚ, ਤਰ੍ਹਾਂ-2 ਦੇ ਖ਼ਿਆਲਾਂ ਵਿਚ ਬੈਠੇ ਰਹਿੰਦੇ ਹਨ। ਦੂਸਰੀ ਗੱਲ, ਜ਼ਿਆਦਾਤਰ ਬੱਚਿਆਂ ਨੂੰ ਪੁੱਛਦੇ ਹਨ ਕਿ ਵਿਨਾਸ਼ ਵਿਚ ਹੋਰ ਕਿੰਨਾ ਸਮਾਂ ਹੈ। ਕਹੋ, ਇਹ ਪੁੱਛਣ ਦੀ ਗੱਲ ਨਹੀਂ ਹੈ। ਪਹਿਲਾਂ ਤਾਂ ਇਹ ਸਾਨੂੰ ਕਿਸ ਨੇ ਸਮਝਾਇਆ ਹੈ, ਉਸਨੂੰ ਜਾਣੋ। ਪਹਿਲਾਂ ਬਾਪ ਦਾ ਪਰਿਚੈ ਦੇਵੋ। ਆਦਤ ਪੱਕੀ ਹੋਵੇਗੀ ਤਾਂ ਸਮਝਾਉਣਗੇ, ਨਹੀਂ ਤਾਂ ਭੁੱਲ ਜਾਣਗੇ। ਬਾਪ ਕਿੰਨਾ ਕਹਿੰਦੇ ਹਨ। ਆਪਣੇ ਨੂੰ ਆਤਮਾ ਸਮਝੋ। ਦੂਸਰੇ ਨੂੰ ਆਤਮਾ ਦੀ ਨਜ਼ਰ ਨਾਲ ਦੇਖੋ। ਪਰ ਉਹ ਦ੍ਰਿਸ਼ਟੀ ਨਹੀਂ ਠਹਿਰਦੀ। ਰੁਪਏ ਵਿਚੋਂ ਇਕ ਆਨਾ ਵੀ ਮੁਸ਼ਕਿਲ ਸਮਝ ਆਉਂਦਾ ਹੈ। ਜਿਵੇਂ ਬੁੱਧੀ ਵਿਚ ਠਹਿਰਦਾ ਨਹੀਂ ਹੈ। ਇਹ ਕੋਈ ਸ਼ਰਾਪ ਨਹੀਂ ਦਿੰਦੇ। ਇਹ ਤਾਂ ਬਾਪ ਸਮਝਾਉਂਦੇ ਹਨ ਕਿ ਗਿਆਨ ਬਹੁਤ ਉੱਚਾ ਹੈ। ਰਾਜਾਈ ਸਥਾਪਨ ਹੁੰਦੀ ਹੈ। ਭਿਖਾਰੀ ਤੋਂ ਲੈ ਕੇ ਰਾਜਾ ਬਣਦੇ ਹਨ। ਰਾਜਾ ਘਟ ਬਣਦੇ ਹਨ। ਬਾਕੀ ਰੰਕ ਨੰਬਰਵਾਰ ਹੁੰਦੇ ਹਨ। ਲਾਸਟ ਨੰਬਰ ਵਾਲੇ ਦੀ ਬੁੱਧੀ ਵਿਚ ਕਦੇ ਕੋਈ ਗੱਲ ਬੈਠ ਨਹੀਂ ਸਕਦੀ। ਤਾਂ ਪਹਿਲਾਂ ਜਦੋ ਕਿਸੇ ਨੂੰ ਸਮਝਉਂਦੇ ਹੋ ਤਾਂ ਸ਼ਿਵਬਾਬਾ ਦਾ ਜੋ 32 ਗੁਣਾਂ ਵਾਲਾ ਚਿੱਤਰ ਬਣਾਇਆ ਹੈ, ਉਸ ਤੇ ਸਮਝਾਉਣਾ ਚਾਹੀਦਾ ਹੈ। ਉਸ ਵਿਚ ਵੀ ਲਿੱਖਿਆ ਹੋਇਆ ਹੈ ਸੁਪ੍ਰੀਮ ਫਾਦਰ, ਸੁਪ੍ਰੀਮ ਟੀਚਰ, ਸਤਿਗੁਰੂ ਹੈ।

ਪਹਿਲਾਂ ਜਦੋਂ ਇਹ ਨਿਸ਼ਚੇ ਹੋਵੇਗਾ ਕਿ ਸਮਝਾਉਣ ਵਾਲਾ ਸੁਪ੍ਰੀਮ ਫਾਦਰ ਹੈ ਤਾਂ ਫਿਰ ਸ਼ੱਕ ਨਹੀਂ ਲਿਆਉਣਗੇ। ਬਾਪ ਤੋਂ ਬਿਗੈਰ ਇਹ ਸਥਾਪਨਾ ਕੋਈ ਕਰ ਨਹੀਂ ਸਕਦਾ। ਤੁਸੀਂ ਜਦੋ ਸਮਝਾਉਂਦੇ ਹੋ ਕਿ ਇਹ ਸਥਾਪਨਾ ਹੋ ਰਹੀ ਹੈ ਤਾਂ ਉਨ੍ਹਾਂ ਦੀ ਬੁੱਧੀ ਵਿਚ ਇਹ ਜ਼ਰੂਰ ਆਉਣਾ ਚਾਹੀਦਾ ਹੈ ਕਿ ਇਨ੍ਹਾਂ ਨੂੰ ਸਮਝਾਉਣ ਵਾਲਾ ਕੋਈ ਹੈ। ਕੋਈ ਮਨੁੱਖ ਮਾਤਰ ਤਾਂ ਇਵੇਂ ਕਹਿ ਨਹੀਂ ਸਕਦਾ ਕਿ ਇਹ ਰਾਜ ਸਥਾਪਨ ਹੋ ਰਿਹਾ ਹੈ। ਤਾਂ ਪਹਿਲਾਂ-ਪਹਿਲਾਂ ਬਾਪ ਦਾ ਨਿਸ਼ਚੇ ਪੱਕਾ ਕਰਵਾਉਣਾ ਹੈ। ਸਾਨੂੰ ਪਰਮਾਤਮਾ ਬਾਪ ਪੜਾਉਂਦੇ ਹਨ। ਇਹ ਕੋਈ ਮਨੁੱਖ ਦੀ ਮਤ ਥੋੜ੍ਹੀ ਹੈ, ਇਹ ਈਸ੍ਵਰਯਾ ਮਤ ਹੈ। ਨਵੀ ਦੁਨੀਆ ਤਾਂ ਜ਼ਰੂਰ ਬਾਪ ਦਵਾਰਾ ਹੀ ਸਥਾਪਨ ਹੋਵੇਗੀ। ਪੁਰਾਣੀ ਦੁਨੀਆ ਦਾ ਵਿਨਾਸ਼ ਇਹ ਬਾਪ ਦਾ ਹੀ ਕੰਮ ਹੈ। ਇਹ ਨਿਸ਼ਚੇ ਜਦੋਂ ਤੱਕ ਨਹੀਂ ਹੋਵੇਗਾ ਤਾਂ ਪੁੱਛਦੇ ਹੀ ਰਹਿਣਗੇ ਕਿ ਕਿਵੇਂ ਹੁੰਦਾ ਹੈ, ਇਸ ਲਈ ਪਹਿਲਾਂ - ਪਹਿਲਾਂ ਤਾਂ ਸ਼੍ਰੀਮਤ ਦੀ ਗੱਲ ਬੁੱਧੀ ਵਿਚ ਬਿਠਾਉਣੀ ਪਵੇ ਤਾਂ ਅੱਗੇ ਸਮਝ ਸਕੇ। ਨਹੀਂ ਤਾਂ ਮਨੁੱਖ ਮਤ ਸਮਝ ਲੈਂਦੇ। ਹਰੇਕ ਮਨੁੱਖ ਦੀ ਮਤ ਇਕ ਹੋ ਨਾ ਸਕੇ। ਇਸ ਵਖ਼ਤ ਤੁਹਾਨੂੰ ਮਤ ਦੇਣ ਵਾਲਾ ਇਕ ਹੀ ਹੈ। ਉਨ੍ਹਾਂ ਦੀ ਸ਼੍ਰੀਮਤ ਤੇ ਕਾਇਦੇ ਅਨੁਸਾਰ ਚਲਣਾ ਉਹ ਵੀ ਬੜਾ ਮੁਸ਼ਕਿਲ ਹੈ। ਬਾਪ ਕਹਿੰਦੇ ਹਨ ਦੇਹੀ ਅਭਿਮਾਨੀ ਬਣੋ। ਇਸ ਤਰ੍ਹਾਂ ਸਮਝੋ ਕਿ ਭਾਈ-ਭਾਈ ਨਾਲ ਗੱਲ ਕਰਦੇ ਹਾਂ, ਤਾਂ ਇਹ ਲੜਾਈ ਝਗੜਾ ਕਦੇ ਨਾ ਹੋਵੇਗਾ। ਦੇਹ ਅਭਿਮਾਨ ਵਿੱਚ ਆਇਆ ਸਮਝੋ ਨਾਸਤਿਕ। ਦੇਹੀ ਅਭਿਮਾਨੀ ਬਣੇ ਤਾ ਸਮਝੋ ਆਸਤਿਕ ਹੈ। ਬਾਪ ਨੂੰ ਜਾਣਦੇ ਨਹੀਂ। ਕ੍ਰੋਧ ਦਾ ਭੂਤ ਹੈ ਤਾਂ ਨਾਸਤਿਕ ਹੈ। ਚਾਹੇ ਕਿੰਨਾ ਵੀ ਕਹੇ ਸਾਡਾ ਬਾਪ ਨਾਲ ਪਿਆਰ ਹੈ। ਪਰੰਤੂ ਇਸ਼ਵਰੀਏ ਕਾਇਦੇ ਦੇ ਖਿਲਾਫ ਗੱਲਾਂ ਕਰਦੇ ਤਾਂ ਓਹਨਾ ਨੂੰ ਰਾਵਣ ਸੰਪਰਦਾਏ ਦਾ ਸਮਝਣਾ ਚਾਹੀਦਾ ਹੈ। ਦੇਹ ਅਭਿਮਾਨ ਵਿੱਚ ਹਨ। ਕੋਈ ਵੀ ਭੂਤ ਵੇਖੋ, ਜਾਂ ਨਜ਼ਰ(ਦ੍ਰਿਸ਼ਟੀ) ਖਰਾਬ ਵੇਖੋ ਤਾਂ ਪਾਸੇ ਹੱਟ ਜਾਣਾ ਚਾਹੀਦਾ ਹੈ। ਭੂਤ ਦੇ ਅੱਗੇ ਖੜੇ ਰਹਿਣ ਨਾਲ, ਭੂਤ ਦੀ ਪ੍ਰਵੇਸ਼ਤਾ ਹੋ ਜਾਵੇਗੀ। ਭੂਤ, ਭੂਤ ਨਾਲ ਲੜ ਪੈਂਦੇ ਹਨ। । ਭੂਤ ਆਇਆ ਤਾਂ ਪੂਰਾ ਨਾਸਤਿਕ ਹੈ। ਦੇਵਤਾ ਤਾਂ ਸਰਵ ਗੁਣ ਸੰਪੰਨ ਹੁੰਦੇ ਹਨ। ਉਹ ਗੁਣ ਨਹੀਂ ਹੈ ਤਾਂ ਨਾਸਤਿਕ ਹੈ। ਨਾਸਤਿਕ ਵਰਸਾ ਥੋੜੀ ਲੈਣਗੇ। ਜ਼ਰਾ ਵੀ ਖ਼ਾਮੀ ਨਹੀਂ ਹੋਣੀ ਚਾਹੀਦੀ। ਨਹੀਂ ਤਾ ਬਹੁਤ ਸਜਾ ਖਾ ਕੇ ਪਰਜਾ ਵਿਚ ਜਾਣਾ ਪਵੇਗਾ। ਭੂਤ ਤੋਂ ਦੂਰ ਰਹਿਣਾ ਚਾਹੀਦਾ ਹੈ। ਭੂਤ ਦਾ ਸਾਮਣਾ ਕੀਤਾ ਤਾਂ ਭੂਤ ਆ ਜਾਵੇਗਾ। ਭੂਤ ਨਾਲ ਕਦੇ ਮੁਕਾਬਲਾ ਨਹੀਂ ਕੀਤਾ ਜਾਂਦਾ ਹੈ। ਉਨ੍ਹਾਂ ਨਾਲ ਜ਼ਿਆਦਾ ਗੱਲ ਵੀ ਨਹੀਂ ਕਰਨੀ ਚਾਹੀਦੀ। ਬਾਪ ਕਹਿੰਦੇ ਹਨ, ਇਹ ਹੈ

ਭੂਤਾਂ ਦੀ ਦੁਨੀਆ। ਭੂਤ ਜਦ ਤੱਕ ਨਹੀਂ ਨਿਕਲ ਜਾਣਗੇ ਉਦੋਂ ਤੱਕ ਸਜਾਵਾਂ ਵੀ ਖਾਣੀਆਂ ਪੈਣਗੀਆਂ। ਪਦਵੀ ਵੀ ਪਾ ਨਹੀਂ ਸਕਣਗੇ। ਲੜਾਈ ਤੇ ਇੱਕ ਹੀ ਹੈ। ਕੋਈ ਰਾਵ ਬਣ ਜਾਂਦੇ ਹਨ ਤੇ ਕੋਈ ਰੰਕ ਵੀ ਬਣ ਜਾਂਦੇ ਹਨ। ਰਾਵ(ਰਾਜਿਆਂ) ਦੀ ਦੁਨੀਆ ਸੀ, ਹੁਣ ਰੰਕਾ ਦੀ(ਕੰਗਾਲਾਂ ਦੀ) ਦੁਨੀਆ ਹੈ। ਸਭ ਵਿਚ ਭੂਤ ਹਨ। ਭੂਤ ਕੱਢਣ ਦਾ ਪੂਰਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਬਾਬਾ ਮੁਰਲੀ ਵਿਚ ਬਹੁਤ ਸਮਝਾਉਂਦੇ ਹਨ। ਤਰ੍ਹਾਂ-ਤਰ੍ਹਾਂ ਦੇ ਸੁਭਾਅ ਹੁੰਦੇ ਹਨ। ਗੱਲ ਹੀ ਨਾ ਪੁੱਛੋ।

ਤਾਂ ਪ੍ਰਦਰਸ਼ਨੀ ਆਦਿ ਵਿਚ ਪਹਿਲੋਂ-ਪਹਿਲੋਂ ਬਾਪ ਦਾ ਪਰਿਚੇ ਦੇਣਾ ਹੈ। ਬਾਪ ਕਿੰਨਾ ਲਵਲੀ ਹੈ। ਉਹ ਸਾਨੂੰ ਇਸ ਤਰ੍ਹਾਂ ਦੇਵਤਾ ਬਣਾਉਂਦੇ ਹਨ। ਗਾਇਨ ਵੀ ਹੈ ਮਨੁੱਖ ਤੋਂ ਦੇਵਤਾ ਕੀਤੇ.. ਦੇਵਤਾ ਤਾਂ ਸਤਿਯੁੱਗ ਵਿਚ ਸਨ ਤਾਂ ਜ਼ਰੂਰ ਓਹਨਾ ਤੋਂ ਪਹਿਲਾਂ ਕਲਯੁਗ ਸੀ। ਇਸ ਸ੍ਰਿਸ਼ਟੀ ਚੱਕਰ ਦਾ ਗਿਆਨ ਵੀ ਤੁਹਾਡੀ ਬੁੱਧੀ ਵਿਚ ਹੁਣ ਹੈ। ਉੱਥੇ ਇਹ ਗਿਆਨ ਇਨ੍ਹਾਂ ਦੇਵਤਾਵਾਂ ਵਿੱਚ ਨਹੀਂ ਰਹੇਗਾ। ਹੁਣ ਤੁਸੀਂ ਨੋਲਜ਼ਫੁਲ ਬਣਦੇ ਹੋ, ਜਦੋਂ ਪੱਦਵੀ ਮਿਲ ਗਈ ਤਾਂ ਨੋਲਜ਼ ਦੀ ਜ਼ਰੂਰਤ ਨਹੀਂ ਹੋਏਗੀ। ਇਹ ਹੈ ਬੇਹੱਦ ਦਾ ਬਾਪ, ਜਿਸ ਤੋਂ 21 ਪੀੜੀ ਤੁਹਾਨੂੰ ਸਵਰਗ ਦਾ ਵਰਸਾ ਮਿਲਦਾ ਹੈ। ਤਾਂ ਇਸ ਤਰ੍ਹਾਂ ਦੇ ਬਾਪ ਨੂੰ ਕਿੰਨਾ ਯਾਦ ਕਰਨਾ ਚਾਹੀਦਾ ਹੈ। ਬਾਬਾ ਸਦਾ ਸਮਝਾਉਂਦੇ ਹਨ ਕਿ ਸਦਾ ਸਮਝੋ ਕਿ ਸ਼ਿਵਬਾਬਾ ਸਾਨੂੰ ਸਮਝਾ ਰਹੇ ਹਨ। ਸ਼ਿਵਬਾਬਾ ਇਸ ਰਥ ਦਵਾਰਾ ਸਾਨੂੰ ਪੜਾ ਰਹੇ ਹਨ। ਉਹ ਸਾਡਾ ਬਾਪ ਟੀਚਰ ਗੁਰੂ ਹੈ। ਇਹ ਹੈ ਬੇਹੱਦ ਦੀ ਪੜਾਈ। ਤੁਸੀਂ ਸਮਝਦੇ ਹੋ ਪਹਿਲੋਂ ਅਸੀਂ ਨੀਚ ਬੁੱਧੀ ਸੀ। ਇਸ ਕਾਲਜ ਦਾ ਜ਼ਰਾ ਵੀ ਪਤਾ ਨਹੀਂ ਹੈ ਇਸਲਈ ਸਮਝਾਉਂਦੇ ਵਕਤ ਚੰਗੀ ਤਰ੍ਹਾਂ ਘੋਟ-ਘੋਟ ਕੇ ਸਮਝਾਓ। ਸ਼੍ਰੀਕ੍ਰਿਸ਼ਨ ਦੀ ਤਾਂ ਗੱਲ ਹੀ ਨਹੀਂ, ਬਾਪ ਨੇ ਸਮਝਾਇਆ ਹੈ, ਸ਼੍ਰੀਕ੍ਰਿਸ਼ਨ ਦਾ ਕੋਈ ਚਰਿੱਤਰ ਹੈ ਹੀ ਨਹੀਂ। ਸਿਵਾਏ ਸ਼ਿਵਬਾਬਾ ਦੇ ਬ੍ਰਹਮਾ ਵਿਸ਼ਨੂੰ ਸ਼ੰਕਰ ਦੇ ਵੀ ਚਰਿੱਤਰ ਹੋ ਨਹੀਂ ਸਕਦੇ। ਚਰਿੱਤਰ ਹੈ ਹੀ ਇੱਕ ਦਾ ਜੋ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਵਿਸ਼ਵ ਨੂੰ ਸਵਰਗ ਬਣਾਉਂਦੇ ਹਨ। ਤੁਸੀਂ ਉਸ ਬਾਪ ਦੀ ਸ਼੍ਰੀਮਤ ਤੇ ਚਲਦੇ ਹੋ। ਬਾਪ ਦੇ ਮਦਦਗਾਰ ਹੋ। ਬਾਪ ਨਹੀਂ ਹੁੰਦਾ ਤਾਂ ਤੁਸੀਂ ਕੁਝ ਨਹੀਂ ਕਰ ਸਕਦੇ। ਤੁਸੀਂ ਹੁਣ ਵਰਥ ਨਾਟ ਏ ਪੈਣੀ ਤੋਂ ਵਰਥ ਪਾਉਂਡ ਬਣ ਰਹੇ ਹੋ। ਹੁਣ ਨੰਬਰਵਾਰ ਪੁਰਸ਼ਾਰਥ ਅਨੁਸਾਰ ਤੁਸੀਂ ਸਭ ਜਾਣ ਗਏ ਹੋ। ਤਾਂ ਪਹਿਲਾਂ ਹੈ ਬਾਪ ਦਾ ਪਰਿਚੇ। ਸਤਿਯੁਗ ਵਿੱਚ ਦੇਵਤਾਵਾਂ ਦੀ ਬੇਹੱਦ ਦੀ ਬਾਦਸ਼ਾਹੀ ਹੈ। ਉਹਨਾਂ ਦੇ ਰਾਜ ਵਿਚ ਹੋਰ ਕੋਈ ਨਹੀਂ ਸੀ। ਹੁਣ ਤਾਂ ਕਲਯੁਗ ਹੈ। ਕਿੰਨੇ ਢੇਰ ਧਰਮ ਹਨ। ਇਹ ਇੱਕ ਹੀ ਆਦਿ ਸਨਾਤਨ ਦੇਵੀ ਦੇਵਤਾ ਧਰਮ ਕਦੋਂ ਸਥਾਪਨ ਹੋਇਆ,ਇਹ ਕਿਸੇ ਦੀ ਬੁੱਧੀ ਵਿਚ ਨਹੀਂ ਹੈ। ਤੁਹਾਡੀ ਬੱਚਿਆਂ ਦੀ ਬੁੱਧੀ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਹੈ। ਤਾਂ ਪਹਿਲਾਂ ਬਾਪ ਦੀ ਮਹਿਮਾ ਤੇ ਚੰਗੀ ਤਰ੍ਹਾਂ ਸਮਝਾਉਣਾ ਚਾਹੀਦਾ ਹੈ। ਅਸੀਂ ਜਾਣਦੇ ਹਾਂ ਜਰੂਰ ਬਾਪ ਤੋਂ ਪਹਿਚਾਣ ਮਿਲੀ ਹੈ। ਬਾਪ ਕਹਿੰਦੇ ਹਨ ਸਭ ਦਾ ਸਦਗਤੀ ਦਾਤਾ ਮੈਂ ਹੀ ਹਾਂ। ਕਲਪ-ਕਲਪ ਮੈਂ ਤੁਹਾਨੂੰ ਰਾਏ ਦਿੰਦਾ ਹਾਂ ਕਿ ਆਪਣੇ ਨੂੰ ਆਤਮਾ ਸਮਝੋ ਅਤੇ ਮੈਨੂੰ ਯਾਦ ਕਰੋ। ਤਾਂ ਆਤਮਾਂ ਪਤਿਤ ਤੋਂ ਪਾਵਨ ਬਣ ਜਾਏਗੀ। ਆਤਮ ਅਭਿਮਾਨੀ ਭਵ। ਦੂਜਿਆਂ ਨੂੰ ਵੀ ਆਤਮਾਂ ਸਮਝਣ ਨਾਲ ਤੁਹਾਡੀ ਕ੍ਰਿਮੀਨਲ ਆਈ ਨਹੀਂ ਹੋਵੇਗੀ। ਆਤਮਾ ਹੀ ਸ਼ਰੀਰ ਦੁਆਰਾ ਕਰਮ ਕਰਦੀ ਹੈ- ਅਸੀਂ ਆਤਮਾ ਹਾਂ, ਇਹ ਆਤਮਾ ਹੈ- ਇਹ ਪੱਕਾ ਕਰਨਾ ਹੈ। ਤੁਸੀਂ ਜਾਣਦੇ ਹੋ ਅਸੀਂ ਪਹਿਲਾਂ- ਪਹਿਲਾਂ 100 ਪ੍ਰਤੀਸ਼ਤ ਪਾਵਨ ਸੀ। ਫਿਰ ਪਤਿਤ ਬਣੇ। ਆਤਮਾ ਹੀ ਬੁਲਾਉਂਦੀ ਹੈ ਕਿ ਬਾਬਾ ਆਓ। ਆਤਮਾ ਦਾ ਅਭਿਮਾਨ ਪੱਕਾ ਰਹਿਣਾ ਚਾਹੀਦਾ ਹੈ ਹੋਰ ਸੰਬੰਧ ਸਾਰੇ ਭੁੱਲ ਜਾਣੇ ਚਾਹੀਦੇ ਹਨ। ਅਸੀਂ ਆਤਮਾ ਸਵੀਟ ਹੋਮ ਵਿਚ ਰਹਿਣ ਵਾਲੀਆਂ ਹਾਂ। ਇਥੇ ਪਾਰਟ ਵਜਾਉਣ ਆਏ ਹਾਂ। ਇਹ ਵੀ ਤੁਸੀਂ ਸਮਝਦੇ ਹੋ। ਤੁਹਾਡੇ ਵਿੱਚ ਵੀ ਨੰਬਰਵਾਰ ਹਨ ਜਿਨ੍ਹਾਂ ਨੂੰ ਯਾਦ ਰਹਿੰਦੀ ਹੈ। ਭਗਵਾਨ ਪੜਾਉਂਦੇ ਹਨ, ਕਿੰਨੀ ਖੁਸ਼ੀ ਰਹਿਣੀ ਚਾਹੀਦੀ ਹੈ। ਭਗਵਾਨ ਸਾਡਾ ਬਾਪ ਵੀ ਹੈ, ਟੀਚਰ ਵੀ ਹੈ, ਸਤਿਗੁਰੂ ਵੀ ਹੈ। ਤੁਸੀਂ ਕਹੋਗੇ ਅਸੀਂ ਉਹਨਾਂ ਤੋਂ ਸਿਵਾਏ ਕਿਸੇ ਨੂੰ ਯਾਦ ਨਹੀਂ ਕਰਦੇ। ਬਾਪ ਕਹਿੰਦੇ ਹਨ ਦੇਹ ਸਹਿਤ, ਦੇਹ ਦੇ ਸਾਰੇ ਸੰਬੰਧ ਤੋੜ ਮਾਮੇਕਮ ਯਾਦ ਕਰੋ। ਤੁਸੀਂ ਸਾਰੇ ਭਰਾ ਹੋ। ਕੋਈ ਮੰਨਦੇ ਹਨ, ਕੋਈ ਨਹੀਂ ਮੰਨਦੇ ਤਾਂ ਸਮਝੋ ਨਾਸਤਿਕ ਹਨ। ਅਸੀਂ ਸ਼ਿਵਬਾਬਾ ਦੇ ਬੱਚੇ ਹਾਂ ਤਾਂ ਸਮਝੋ ਪਾਵਨ ਹੋਣੇ ਚਾਹੀਦੇ ਹਨ। ਬਾਬਾ ਨੂੰ ਬਲਉਂਦੇ ਹੀ ਹਨ ਬਾਬਾ ਆਕੇ ਸਾਨੂੰ ਪਾਵਨ ਦੁਨੀਆ ਦਾ ਮਾਲਿਕ ਬਣਾਓ। ਸਤਿਯੁਗ ਵਿਚ ਤਾਂ ਪਾਵਨ ਹੋਣ ਦੀ ਗੱਲ ਹੀ ਨਹੀਂ ਹੈ, ਪਹਿਲੋਂ ਤਾਂ ਇਹ ਸਮਝੋ ਕਿ ਇਹ ਸ਼ਿਵਬਾਬਾ ਹਨ, ਇਨ੍ਹਾਂ ਤੋਂ ਨਵੀ ਦੁਨੀਆ ਸਥਾਪਨ ਹੁੰਦੀ ਹੈ। ਜੇਕਰ ਪੁੱਛਣ ਕਿ ਵਿਨਾਸ਼ ਕਦੋਂ ਹੋਵੇਗਾ ਤਾਂ ਕਹੋ ਪਹਿਲੋਂ ਅਲਫ਼ ਨੂੰ ਸਮਝੋ। ਅਲਫ਼ ਨੂੰ ਨਹੀਂ ਸਮਝਿਆ ਤਾਂ ਪਿੱਛੋਂ ਦੀਆਂ ਗੱਲਾਂ ਬੁੱਧੀ ਵਿਚ ਕਿਵੇਂ ਆਉਣਗੀਆਂ। ਅਸੀਂ ਸੱਚੇ ਬਾਪ ਦੇ ਬੱਚੇ ਸੱਚ ਬੋਲਦੇ ਹਾਂ। ਅਸੀਂ ਕੋਈ ਮਨੁੱਖ ਦੇ ਬੱਚੇ ਨਹੀਂ ਹਾਂ। ਅਸੀਂ ਸ਼ਿਵਬਾਬਾ ਦੇ ਬੱਚੇ ਹਾਂ। ਭਗਵਾਨੁਵਾਚ, ਭਗਵਾਨ ਉਸ ਨੂੰ ਕਿਹਾ ਜਾਂਦਾ ਹੈ ਜੋ ਸਾਰੇ ਭਰਾਵਾਂ ਦਾ ਬਾਪ ਹੈ। ਮਨੁੱਖ ਤਾਂ ਭਗਵਾਨ ਅਖਵਾ ਨਹੀਂ ਸਕਦੇ। ਭਗਵਾਨ ਤਾਂ ਨਿਰਾਕਾਰ ਹੈ। ਉਹ ਬਾਪ ਟੀਚਰ ਸਤਿਗੁਰੂ ਹੈ। ਕੋਈ ਮਨੁੱਖ ਬਾਪ, ਟੀਚਰ, ਸਤਿਗੁਰੂ ਹੋ ਨਾਂ ਸਕੇ। ਕੋਈ ਵੀ ਮਨੁੱਖ ਕਿਸੇ ਦੀ ਸਦਗਤੀ ਕਰ ਨਹੀਂ ਸਕਦੇ। ਭਗਵਾਨ ਹੋ ਨਾਂ ਸਕਣ। ਬਾਬਾ ਹਨ ਪਤਿਤ ਪਾਵਨ। ਪਤਿਤ ਬਣਾਉਂਦਾ ਹੈ ਰਾਵਣ। ਬਾਕੀ ਇਹ ਸਭ ਹਨ ਭਗਤੀ ਦੇ ਗੁਰੂ। ਇਹ ਵੀ ਤੁਸੀਂ ਸਮਝਦੇ ਹੋ ਜੋ ਇਥੇ ਆਉਂਦੇ ਹਨ, ਆਸਤਿਕ ਤੇ ਜ਼ਰੂਰ ਬਣਦੇ ਹਨ। ਬੇਹੱਦ ਦੇ ਬਾਪ ਕੋਲ ਆਕੇ ਇਹ ਨਿਸ਼ਚੇ ਕਰਦੇ ਹਨ ਇਹ ਸਾਡਾ ਬਾਪ, ਟੀਚਰ, ਸਤਿਗੁਰੂ ਹੈ। ਜਦੋ ਪੂਰੇ ਦੈਵੀ ਗੁਣ ਆ ਜਾਣਗੇ ਤਾਂ ਲੜਾਈ ਵੀ ਲੱਗੇਗੀ। ਸਮੇਂ ਅਨੁਸਾਰ ਤੁਸੀਂ ਆਪੇ ਸਮਝੋਗੇ ਕਿ ਹੁਣ ਕਰਮਾਤੀਤ ਅਵਸਥਾ ਨੂੰ ਪਹੁੰਚ ਰਹੇ ਹਾਂ। ਹਾਲੇ ਕਰਮਾਤੀਤ ਅਵਸਥਾ ਹੋਈ ਕਿੱਥੇ ਹੈ। ਹਾਲੇ ਤੇ ਬਹੁਤ ਕੰਮ ਹੈ। ਬਹੁਤ ਲੋਕਾਂ ਨੂੰ ਸੰਦੇਸ਼ ਦੇਣਾ ਹੈ। ਬਾਪ ਤੋਂ ਵਰਸਾ ਲੈਣ ਦਾ ਤਾਂ ਸਭ ਨੂੰ ਹੱਕ ਹੈ। ਹੁਣ ਤਾਂ ਲੜਾਈ ਜ਼ੋਰ ਦੀ ਹੋਵੇਗੀ। ਫਿਰ ਇਹ ਹਸਪਤਾਲ, ਡਾਕਟਰ ਕੁਝ ਨਹੀਂ ਰਹਿਣਗੇ। ਬਾਪ ਬੱਚਿਆਂ ਨੂੰ ਸਨਮੁੱਖ ਸਮਝਾ ਰਹੇ ਹਨ ਕਿ ਤੁਸੀਂ ਆਤਮਾਵਾਂ 84 ਜਨਮ ਸ਼ਰੀਰ ਧਾਰਨ ਕਰ ਆਪਣਾ ਪਾਰਟ ਵਜਾਉਂਦੇ ਹੋ। ਕਿਸੇ ਦੇ 70 ਜਾਂ 80 ਜਨਮ ਵੀ ਹੋਣਗੇ। ਹੁਣ ਜਾਣਾ ਤੇ ਸਭ ਨੇ ਹੈ। ਵਿਨਾਸ਼ ਤਾਂ ਹੋਣਾ ਹੀ ਹੈ। ਅਪਵਿੱਤਰ ਆਤਮਾ ਜਾ ਨਾ ਸਕੇ। ਪਾਵਨ ਹੋਣ ਦੇ ਲਈ ਬਾਪ ਨੂੰ ਜਰੂਰ ਯਾਦ ਕਰਨਾ ਹੈ, ਮਿਹਨਤ ਹੈ। 21 ਜਨਮਾਂ ਦੇ ਲਈ ਸਵਰਗਵਾਸੀ ਬਣਨਾ ਹੈ ਕਿ ਕੋਈ ਘਟ ਗੱਲ ਹੈ। ਮਨੁੱਖ ਤਾਂ ਕਹਿ ਦਿੰਦੇ ਫਲਾਣਾ ਸਵਰਗਵਾਸੀ ਹੋਇਆ। ਅਰੇ ਸਵਰਗ ਹੈ ਕਿੱਥੇ? ਕੁੱਝ ਵੀ ਸਮਝਦੇ ਨਹੀਂ। ਤੁਹਾਨੂੰ

ਬੱਚਿਆਂ ਨੂੰ ਬੜੀ ਖੁਸ਼ੀ ਰਹਿਣੀ ਚਾਹੀਦੀ ਹੈ ਕਿ ਭਗਵਾਨ ਤੁਹਾਨੂੰ ਪੜਾਉਂਦੇ ਹਨ। ਵਿਸ਼ਵ ਦਾ ਮਾਲਿਕ ਬਣਾਉਂਦੇ ਹਨ। ਖੁਸ਼ੀ ਇੱਕ ਹੁੰਦੀ ਹੈ ਸਥਾਈ, ਦੂਜੀ ਹੁੰਦੀ ਹੈ ਥੋੜੇ ਸਮੇਂ ਦੀ। ਪੜਾਂਗੇ ਨਹੀਂ, ਪੜਾਵਾਂਗੇ ਨਹੀਂ ਤਾਂ ਖੁਸ਼ੀ ਕੀ ਹੋਵੇਗੀ? ਆਸੁਰੀ ਗੁਣਾਂ ਨੂੰ ਭਜਾਉਣਾ ਹੈ। ਬਾਪ ਕਿੰਨਾ ਸਮਝਾਉਂਦੇ ਹਨ ਕਰਮਭੋਗ ਕਿੰਨਾ ਹੈ। ਜਦੋ ਤੱਕ ਕਰਮ ਭੋਗ ਹੈ ਤਾਂ ਇਹ ਨਿਸ਼ਾਨੀ ਹੈ ਕਿ ਹਾਲੇ ਕਰਮਾਤੀਤ ਅਵਸਥਾ ਨਹੀਂ ਹੋਈ ਹੈ। ਹਾਲੇ ਮਿਹਨਤ ਕਰਨੀ ਹੈ। ਕੋਈ ਵੀ ਮਾਇਆ ਦੇ ਤੂਫ਼ਾਨ ਨਾ ਆਉਣਾ। ਬੱਚਿਆਂ ਨੂੰ ਇਹ ਨਿਸ਼ਚੇ ਹੈ ਕਿ ਬਾਪ ਨੇ ਸਾਨੂੰ ਕਈ ਵਾਰ ਮਨੁੱਖ ਤੋਂ ਦੇਵਤਾ ਬਣਾਇਆ ਹੈ। ਇਹ ਬੁੱਧੀ ਵਿਚ ਆਵੇ, ਤਾਂ ਵੀ ਬਹੁਤ ਚੰਗਾ ਸੌਭਾਗ। ਇਹ ਬੇਹੱਦ ਦਾ ਵੱਡਾ ਸਕੂਲ ਹੈ, ਉਹ ਹੁੰਦਾ ਹੈ ਹੱਦ ਦਾ ਛੋਟਾ। ਬਾਪ ਨੂੰ ਤਾਂ ਬੜਾ ਤਰਸ ਆਉਂਦਾ ਹੈ। ਕਿਵੇਂ ਸਮਝਾਵਾਂ -ਕਾਈਆਂ ਵਿੱਚ ਤਾਂ ਹਾਲੇ ਤੱਕ ਭੂਤ ਨਹੀਂ ਨਿਕਲੇ ਹਨ। ਦਿਲ ਤੇ ਚੜਨ ਦੀ ਬਜਾਏ ਡਿੱਗ ਜਾਂਦੇ ਹਨ। ਕਈ ਬੱਚੀਆਂ ਤਾਂ ਤਿਆਰ ਹੋ ਰਹੀਆਂ ਹਨ ਅਨੇਕਾਂ ਦਾ ਕਲਿਆਣ ਕਰਨ ਲਈ। ਅੱਛਾ। ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ-ਪਿਤਾ ਬਾਪਦਾਦਾ ਦਾ ਯਾਦ-ਪਿਆਰ ਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1 ਕੋਈ ਵੀ ਗੱਲ ਈਸ਼ੂਰਯਾ ਕਾਇਦੇ ਦੇ ਖਿਲਾਫ ਨਹੀਂ ਕਰਨੀ ਹੈ। ਕਿਸੇ ਵਿੱਚ ਵੀ ਜੇਕਰ ਭੂਤ ਦੀ ਪ੍ਰਵੇਸ਼ਤਾ ਹੈ ਜਾਂ ਦ੍ਰਿਸ਼ਟੀ ਖਰਾਬ ਹੈ ਤਾਂ ਉਸਦੇ ਸਾਮਣੇ ਤੋਂ ਹੱਟ ਜਾਣਾ ਚਾਹੀਦਾ ਹੈ, ਉਸ ਨਾਲ ਜ਼ਿਆਦਾ ਗੱਲ ਨਹੀਂ ਕਰਨੀ ਹੈ।

2. ਸਥਾਈ ਖੁਸ਼ੀ ਵਿਚ ਰਹਿਣ ਲਈ ਪੜਾਈ ਤੇ ਪੂਰਾ ਧਿਆਨ ਦੇਣਾ ਹੈ। ਆਸੁਰੀ ਗੁਣਾਂ ਨੂੰ ਕੱਢ ਦੈਵੀਗੁਣ ਧਾਰਨ ਕਰ ਆਤਮਿਕ ਬਣਨਾ ਹੈ।

ਵਰਦਾਨ:- ਨਿਸ਼ਚੇ ਅਤੇ ਨਸ਼ੇ ਦੇ ਆਧਾਰ ਤੇ ਹਰ ਪ੍ਰਸਥਿਤੀ ਤੇ ਵਿਜੇ ਪ੍ਰਾਪਤ ਕਰਨ ਵਾਲੇ ਸਿੱਧੀ ਸਵਰੂਪ ਭਵ।

ਯੋਗ ਦਵਾਰਾ ਹੁਣ ਅਜਿਹੀ ਸਿੱਧੀ ਪ੍ਰਾਪਤ ਕਰੋ ਅਪ੍ਰਾਪਤੀ ਵੀ ਪ੍ਰਾਪਤੀ ਦਾ ਅਨੁਭਵ ਕਰਵਾਏ। ਨਿਸ਼ਚੇ ਅਤੇ ਨਸ਼ਾ ਹਰ ਪ੍ਰਸਥਿਤੀ ਵਿੱਚ ਵਿਜਈ ਬਣਾ ਦਿੰਦਾ ਹੈ। ਅੱਗੇ ਚੱਲ ਕੇ ਅਜਿਹੇ ਪੇਪਰ ਵੀ ਆਉਣਗੇ ਜੋ ਸੁੱਕੀ ਰੋਟੀ ਵੀ ਖਾਣੀ ਪਵੇਗੀ। ਲੇਕਿਨ ਨਿਸ਼ਚੇ, ਨਸ਼ਾ ਅਤੇ ਯੋਗ ਦੇ ਸਿੱਧੀ ਦੀ ਸ਼ਕਤੀ ਸੁੱਕੀ ਰੋਟੀ ਨੂੰ ਵੀ ਨਰਮ ਬਣਾ ਦਵੇਗੀ। ਪ੍ਰੇਸ਼ਾਨ ਨਹੀਂ ਕਰੇਗੀ। ਤੁਸੀਂ ਸਿੱਧੀ ਸਵਰੂਪ ਦੀ ਸ਼ਾਨ ਵਿੱਚ ਰਹੋ ਤਾਂ ਕੋਈ ਵੀ ਪ੍ਰੇਸ਼ਾਨ ਨਹੀਂ ਕਰ ਸਕਦਾ। ਕੋਈ ਵੀ ਸਾਧਨ ਹੈ ਤਾਂ ਆਰਾਮ ਨਾਲ ਯੂਜ਼ ਕਰੋ। ਲੇਕਿਨ ਸਮੇਂ ਤੇ ਧੋਖਾ ਨਾ ਦੇਣ - ਇਹ ਚੈਕ ਕਰੋ।

ਸਲੋਗਨ:- ਨਿਮਿਤ ਬਣ ਪੂਰਾ ਪਾਰਟ ਵਜਾਓ ਤਾਂ ਸਰਵ ਦੇ ਸਹਿਯੋਗ ਦੀ ਮਦਦ ਮਿਲਦੀ ਰਹੇਗੀ।

******

ਅਵਿਅਕਤ ਸਾਇਲੈਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਕਿਸੇ ਵੀ ਕੰਮ ਵਿੱਚ ਨਵੀਨਤਾ ਦੀ ਇਨਵੇਂਸ਼ਨ ਦੇ ਲਈ ਇਕਾਗ੍ਰਤਾ ਦੀ ਲੋੜ ਹੁੰਦੀ ਹੈ। ਭਾਵੇਂ ਲੌਕਿਕ ਦੁਨੀਆ ਦੀ ਇਨਵੈਂਸ਼ਨ ਹੋਵੇ, ਭਾਵੇਂ ਅਧਿਆਤਮਿਕ ਇਨਵੇਂਸ਼ਨ ਹੋਵੇ। ਇਕਾਗ੍ਰਤਾ ਮਤਲਬ ਇੱਕ ਹੀ ਸੰਕਲਪ ਵਿੱਚ ਟਿਕ ਜਾਣਾ। ਇੱਕ ਹੀ ਲਗਣ ਵਿੱਚ ਮਗਨ ਹੋ ਜਾਣਾ। ਆਪਣੀ ਸੱਤ ਸਵਰੂਪ ਸਥਿਤੀ ਵਿਚ ਸਥਿਤ ਹੋ ਜਾਣਾ, ਇਸ ਤੋਂ ਬੁੱਧੀ ਦਾ ਭਟਕਣਾ ਸਹਿਜ ਹੀ ਛੁੱਟ ਜਾਵੇਗਾ। ਦੇਹ ਅਤੇ ਦੇਹ ਦੀ ਦੁਨੀਆ ਸਹਿਜ ਭੁੱਲ ਜਾਵੇਗੀ ਅਤੇ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਹੋਣ ਲੱਗੇਗਾ।